File No.FD-FPPCOMISC/189/2023-3FPPC

I/533499/2023

Dated 24.03.2023

**ਪੰਜਾਬ ਸਰਕਾਰ,**

**ਵਿੱਤ ਵਿਭਾਗ**

**(ਵਿੱਤ ਪੈਨਸ਼ਨ ਪਾਲਿਸੀ ਤੇ ਤਾਲਮੇਲ ਸ਼ਾਖਾ**

ਸੇਵਾ ਵਿਖੇ

1 ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਜ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

2. ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ।

3. ਡਵੀਜਨਾਂ ਦੇ ਕਮਿਸ਼ਨਰਜ।

4. ਸਮੂਹ ਡਿਪਟੀ ਕਮੀਸ਼ਨਰਜ਼/ਜਿਲ੍ਹਾ ਸੈਸ਼ਨ ਜੱਜ।

5. ਰਜਿਸਟਰਾਰ ਜਨਰਲ, ਪੰਜਾਬ ਅਤੇ ਹਰਿਆਣਾ ਹਾਈ ਕੋਰਟ।

6. ਸਕੱਤਰ, ਪੰਜਾਬ ਵਿਧਾਨ ਸਭਾ।

**ਵਿਸ਼ਾ: Regarding Rollout of pension module in HRMS.**

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਸਬੰਧੀ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਮਿਤੀ 14.12.2022 ਨੂੰ ਮਾਣਯੋਗ ਵਿੱਤ ਮੰਤਰੀ ਜੀ ਵੱਲੋਂ ਪੈਨਸ਼ਨ ਮੋਡਿਊਲ ਨੂੰ ਐਚ.ਆਰ.ਐਮ.ਐਸ ਵਿੱਚ ਲਾਂਚ ਕੀਤਾ ਗਿਆ ਜਿਸ ਦਾ user manual ਨਾਲ ਨੱਥੀ ਹੈ। ਇਸ ਲਈ ਆਪ ਦੇ ਅਧੀਨ ਆਉਂਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਮੌਜੂਦਾ ਸਮੇਂ ਵਿੱਚ ਜੋ ਵੀ ਅਧਿਕਾਰੀ/ਕਰਮਚਾਰੀ ਸੇਵਾ ਨਵਿਰਤ ਹੁੰਦੇ ਹਨ ਜਾਂ ਸਵੈ-ਇਛੁੱਕ ਰਿਟਾਇਰ ਹੁੰਦੇ ਹਨ, ਉਨ੍ਹਾਂ ਦਾ ਪੈਨਸ਼ਨ ਕੇਸ IHRMS ਵਿੱਚ ਬਣਾਏ ਪੈਨਸ਼ਨ ਮੋਡਿਊਲ ਰਾਹੀਂ ਹੀ ਆਨਲਾਈਨ ਮਹਾਂਲੇਖਾਕਾਰ, ਪੰਜਾਬ ਦੇ ਦਫਤਰ ਨੂੰ ਸਮੇਂ ਸਿਰ ਭਰ ਕੇ ਭੇਜਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਮਹਾਂਲੇਖਾਕਾਰ, ਪੰਜਾਬ, ਚੰਡੀਗੜ੍ਹ ਵੱਲੋਂ ਸਮੇਂ ਸਿਰ ਰਿਟਾਇਰੀ ਨੂੰ ਈ-ਪੀ.ਪੀ.ਓ ਜਾਰੀ ਕੀਤਾ ਜਾ ਸਕੇ।

2. ਇੱਥੇ ਇਹ ਵੀ ਦੱਸਣਯੋਗ ਹੈ ਕਿ ਮਿਤੀ 01.04.2023 ਤੋਂ ਬਾਅਦ ਮਹਾਂਲੇਖਾਕਾਰ, ਪੰਜਾਬ ਦਫਤਰ ਵੱਲੋਂ ਕੋਈ ਵੀ ਮੈਨਉਲ ਪੈਨਸ਼ਨ ਕੇਸ ਸਵੀਕਾਰ ਨਹੀਂ ਕੀਤਾ ਜਾਵੇਗਾ, ਇਸ ਲਈ ਆਪ ਦੇ ਅਧੀਨ ਆਉਂਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਐਚ.ਆਰ.ਐਮ.ਐਸ ਵਿੱਚ ਸਰਵਿਸ ਬੁੱਕ ਅਤੇ ਮੋਬਾਈਲ ਨੰਬਰ ਅੱਪਡੇਟ ਕਰਵਾਉਣ ਸਬੰਧੀ ਹਦਾਇਤ ਵੀ ਕੀਤੀ ਜਾਵੇ, ਤਾਂ ਜੋ ਆਨਲਾਈਨ ਪੈਨਸ਼ਨ ਕੇਸ ਭੇਜਣ ਵਿੱਚ ਕੋਈ ਔਕੜ ਨਾ ਆਵੇ।

3. ਉਕਤ ਤੋਂ ਇਲਾਵਾ ਜੇਕਰ ਪੈਨਸ਼ਨ ਮੋਡਿਊਲ ਵਿੱਚ ਕੋਈ ਔਕੜ ਪੇਸ਼ ਆਉਂਦੀ ਹੈ ਤਾਂ IHRMS ਦੀ ਈ-ਮੇਲ ਆਈ.ਡੀ (support-hrmspb@nic.in) ਜਾਂ ਫਿਰ ਐਚ.ਆਰ.ਐਮ.ਐਸ ਵਿੱਚ ਦਿੱਤੀ "submit query" ਦੀ ਆਪਸ਼ਨ ਅਨੁਸਾਰ ਐਚ.ਆਰ.ਐਮ.ਐਸ ਟੀਮ ਨਾਲ ਤਾਲਮੇਲ ਕੀਤਾ ਜਾਵੇ।

I/533499/2023

Dated 24.03.2023

4. ਆਨਲਾਈਨ ਟਰੇਨਿੰਗ 5 ਅਤੇ 6 ਅਪ੍ਰੈਲ 2023 ਨੂੰ ਦੁਪਿਹਰ 2:30 ਤੋਂ 4 ਵਜੇ ਤੱਕ ਦਿੱਤੀ ਜਾਵੇਗੀ, ਟਰੇਨਿੰਗ ਦਾ ਲਿੰਕ ਐਚ.ਆਰ.ਐਮ.ਐਸ. ਵੈਬਸਾਈਟ ਦੇ ਉੱਪਰ ਡਿਸਪਲੇਅ ਕਰਵਾ ਦਿੱਤਾ ਜਾਵੇਗਾ।

**ਅਧੀਨ ਸਕੱਤਰ, ਵਿੱਤ**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਲੋੜੀਂਦੀ ਕਾਰਵਾਈ ਹਿੱਤ ਭਜਿਆ ਜਾਂਦਾ ਹੈ:

1. ਵਧੀਕ ਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ।
2. ਸਕੱਤਰ/ਵਿੱਤ ਮੰਤਰੀ, ਪੰਜਾਬ।

**ਅਧੀਨ ਸਕੱਤਰ, ਵਿੱਤ**

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਨਿਜੀ ਸਕੱਤਰ/ਪ੍ਰਮੁੱਖ ਸਕੱਤਰ, ਵਿੱਤ।
2. ਨਿਜੀ ਸਕੱਤਰ/ ਸਕੱਤਰ ਖਰਚਾ ।
3. ਨਿਜੀ ਸਕੱਤਰ/ ਵਿਸ਼ੇਸ਼ ਸਕੱਤਰ, ਵਿੱਤ ।

**ਅਧੀਨ ਸਕੱਤਰ, ਵਿੱਤ**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨ/ਲੋੜੀਂਦੀ ਕਾਰਵਾਈ ਹਿੱਤ ਭਜਿਆ ਜਾਂਦਾ ਹੈ:

1. ਸਟੇਟ ਇੰਨਫਰਮੇਸ਼ਨ ਅਫਸਰ, ਐਨ.ਆਈ.ਸੀ, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।
2. ਸਮੂਹ ਜਿਲ੍ਹਾ ਖਜਾਨਾ ਅਫਸਰ, ਪੰਜਾਬ ਰਾਜ।
3. ਮਹਾਂ ਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
4. ਮਹਾਂ ਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
5. ਸੀਨੀਅਰ ਟੈਕਨੀਕਲ ਡਾਇਰੈਕਟਰ-ਕਮ-ਐਚ.ਓ.ਡੀ, ਐਚ.ਆਰ.ਐਮ.ਐਸ, ਐਨ.ਆਈ.ਸੀ, ਚੰਡੀਗੜ੍ਹ।

**ਅਧੀਨ ਸਕੱਤਰ, ਵਿੱਤ**